بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْکَرِيْمِ وَعَلٰی عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਜੀਵਨੀ ਦਾ ਜ਼ਿਕਰ**
- **ਮਿਡਲ ਈਸਟ ਵਿਚੋਂ ਵਿਸ਼ਵ ਯੁਧੱ ਵਾਲੇ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 17 ਨਵੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਦੇ ਅੰਤ ਉੱਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਜੀਵਨੀ ਬਾਰੇ ਜੋ ਇਤਿਹਾਸ ਬਿਆਨ ਹੋ ਰਿਹਾ ਸੀ। ਉਸ ਵਿਚੱ ਫ਼ੁਰਾਤ ਬਿਨ ਹੱਯਾਨ ਦੇ ਇਸਲਾਮ ਕਬੂਲ ਕਰਨ ਦਾ ਜ਼ਿਕਰ ਹੋਇਆ ਸੀ। ਇਸ ਦਾ ਹੋਰ ਵਿਸਥਾਰ ਇਹ ਹੈ ਕਿ ਉਹ ਗ਼ਿਰਫ਼ਤਾਰ ਹੋ ਕੇ ਕੈਦੀਆਂ ਵਿਚੱ ਆਇਆ ਸੀ। ਗ਼ਜ਼ਵਾਹ ਬਦਰ ਦੇ ਦਿਨ ਵੀ ਉਹ ਜ਼ਖ਼ਮੀ ਹੋਇਆ ਸੀ। ਪਰ ਕਿਸੇ ਤਰ੍ਹਾਂ ਕੈਦ ਵਿੱਚੋਂ ਨਸੱ ਗਿਆ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਉਸ ਨੂੰ ਵੇਖਦੇ ਹੀ ਕਹਿਣ ਲੱਗੇ ਕਿ ਹੁਣ ਤਾਂ ਆਪਣੇ ਤਰੀਕ ਨੂੰ ਬਦਲ ਲਓ ਅਤੇ ਮੁਸਲਮਾਨ ਹੋ ਜਾਓ। ਇਸ ਉੱਤੇ ਉਹ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਵਲ੍ਹੱ ਗਏ ਅਤੇ ਇਕੱ ਅਨੰਸਾਰੀ ਦੋਸਤ ਕੋਲ੍ਹੋਂ ਲੰਘਦੇ ਹੋਏ ਕਹਿਣ ਲੱਗੇ ਕਿ ਮੈਂ ਮੁਸਲਮਾਨ ਹਾਂ, ਉਸ ਅਨੰਸਾਰੀ ਨੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਕਿਹਾ ਕਿ ਉਸ ਨੇ ਇਸਲਾਮ ਕਬੂਲ ਕਰ ਲਿਆ ਹੈ। ਆਪ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੁਣ ਜੇਕਰ ਉਹ ਕਹਿੰਦਾ ਹੈ ਕਿ ਉਸ ਨੇ ਇਸਲਾਮ ਕਬੂਲ ਕਰ ਲਿਆ ਹੈ ਤਾਂ ਫ਼ਿਰ ਇਹ ਉਸ ਦਾ ਅਤੇ ਰਬੱ ਦਾ ਮਾਮਲਾ ਹੈ ਅਤੇ ਇਸ ਗਲ੍ਹੱ ਉੱਤੇ ਨਬੀ ਕਰੀਮ ਸਲੱਲਾਹੁ ਅਲੈਹਿ ਵਸਲੱਮ ਨੇ ਉਸ ਨੂੰ ਆਜ਼ਾਦ ਕਰ ਦਿੱਤਾ।

ਕਿਸਿੱਆਂ ਵਿਚੱ ਇਕੱ ਜ਼ਿਕਰ ਸਰੱਯਾ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੁ ਦਾ ਹੈ। ਜੋ ਜਮਾਦੀ-ਉਲੱ-ਆਖ਼ਿਰ 03 ਹਿਜਰੀ ਵਿਚੱ ਕਰਾਦਹ (ਇਕੱ ਥਾਂ) ਭੇਜਿਆ ਗਿਆ ਸੀ। ਇਸ ਕਿੱਸੇ ਨੂੰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਇੰਝ ਲਿਖਿੱਆ ਹੈ ਕਿ ਬਨੂ ਸਲੀਮ ਅਤੇ ਬਨੂ ਗ਼ਤਫ਼ਾਨ ਦੇ ਹਮਲਿਆਂ ਤੋਂ ਕੁਝੱ ਵਿਹਲ ਮਿਲੀ ਤਾਂ ਮੁਸਲਮਾਨਾਂ ਨੂੰ ਇਕੱ ਹੋਰ ਖ਼ਤਰੇ ਦੀ ਰੋਕ ਥਾਮ ਲਈ ਦੇਸ਼ ਵਿੱਚੋਂ ਜਾਣਾ ਪਿਆ। ਹੁਣ ਤਕੱ ਕੁਰੈਸ਼ ਆਪਣੇ ਵਿਓਪਾਰ ਲਈ ਹਿਜਾਜ਼ ਦੇ ਕੰਢੇ ਰਾਹੀਂ ਜਾਂਦੇ ਸਨ। ਪਰ ਉਹਨਾਂ ਨੇ ਇਹ ਰਾਹ ਛਡੱ ਦਿੱਤੀ। ਕਿਉਂਕਿ ਇਸ ਖੇਤਰ ਦੇ ਕਬੀਲੇ ਮੁਸਲਮਾਨਾਂ ਦੇ ਸਾਥੀ ਬਣ ਗਏ ਸਨ। ਇਸ ਲਈ ਉਹਨਾਂ ਨੇ ਨਜਦ ਵਾਲਾ ਰਾਹ ਚੁਣਿਆ। ਜੋ ਇਰਾਕ ਨੂੰ ਜਾਂਦਾ ਸੀ ਅਤੇ ਜਿਸ ਦੇ ਆਂਡ ਗੁਆਂਡ ਮੁਸਲਮਾਨਾਂ ਦੇ ਜਾਨੀ ਦੁਸ਼ਮਨ ਕਬੀਲੇ ਸੁਲੈਮ ਅਤੇ ਗ਼ਤਫ਼ਾਨ ਆਬਾਦ ਸਨ ਸੋ, ਜਮਾਦੀ-ਉਲੱ-ਆਖ਼ਿਰ ਦੇ ਮਹੀਨੇ ਵਿਚੱ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਖ਼ਬਰ ਮਿਲੀ ਕਿ ਕੁਰੈਸ਼ ਦਾ ਇਕੱ ਕਾਫ਼ਲਾ ਨਜਦ ਵੱਲ੍ਹੋਂ ਲੰਘਣ ਵਾਲਾ ਹੈ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਇਸ ਖ਼ਬਰ ਦੇ ਮਿਲਦੇ ਹੀ ਜ਼ੈਦ ਬਿਨ

ਹਾਰਸ ਰਜ਼ੀ ਅੱਲਾਹ ਅੰਨਹੁ ਦੀ ਸਰਦਾਰੀ ਵਿਚੱ ਆਪਣੇ ਸਹਾਬੀਆਂ ਦਾ ਇਕੱ ਦਸਤਾ ਭੇਜਿਆ। ਜ਼ੈਦ ਰਜ਼ੀ ਅੱਲਾਹ ਅੰਨਹੁ ਨੇ ਬਹੁਤ ਸਿਆਣਪ ਨਾਲ ਆਪਣਾ ਕੰਮ ਕੀਤਾ ਅਤੇ ਨਜਦ ਦੇ ਇਲਾਕੇ ਕਰਦਹ ਵਿਚੱ ਉਹਨਾਂ ਨੂੰ ਘੇਰ ਲਿਆ। ਇਸ ਅਚਾਨਕ ਹਮਲੇ ਤੋਂ ਘਬਰਾ ਕੇ ਕੁਰੈਸ਼ ਦੇ ਲੋਕ ਮਾਲ ਅਤੇ ਸਮਾਨ ਛਡੱ ਕੇ ਨਸੱ ਗਏ। ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੁ ਅਤੇ ਉਹਨਾਂ ਦੇ ਸਾਥੀ ਬਹੁਤ ਸਾਰਾ ਮਾਲ ਲੈ ਕੇ ਦਰਯਾ ਨੀਲ ਵੱਲੋਂ ਮਦੀਨਾ ਪਰਤ ਆਏ।

ਇਕੱ ਕਿੱਸਾ ਕਾਅਬ ਬਿਨ ਅਸ਼ਰਫ਼ ਦੇ ਕਤਲ ਦਾ ਹੈ। ਜੋ ਮਦੀਨਾ ਦੇ ਸਰਦਾਰਾਂ ਵਿੱਚੋਂ ਸੀ ਅਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨਾਲ ਹੋਈ ਸੰਧੀ ਵਿਚੱ ਸ਼ਾਮਿਲ ਸੀ। ਬਾਦ ਵਿਚੱ ਉਸ ਨੇ ਫ਼ਸਾਦ ਕਰਨ ਦੀ ਕੋਸ਼ਿਸ਼ ਕੀਤੀ ਜਿਸ ਮਗਰੋਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਉਸ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਬੁਖ਼ਾਰੀ ਵਿਚੱ ਲਿਖਿੱਆ ਹੈ ਕਿ ਹਜ਼ਰਤ ਜਾਬਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਕਾਅਬ ਨੂੰ ਕੌਣ ਸਾਂਭੇਗਾ ? ਉਸ ਨੇ ਰਬੱ ਅਤੇ ਉਸ ਦੇ ਰਸੂਲ ਸਲੱਲਾਹੁ ਅਲੈਹਿ ਵਸਲੱਮ ਨੂੰ ਬਹੁਤ ਦੁਖੱ ਦਿੱਤਾ ਹੈ। ਮੁਹੱਮਦ ਬਿਨ ਮੁਸਲਿਮਾ ਰਜ਼ੀ ਅੱਲਾਹ ਅੰਨਹੁ ਖੜ੍ਹੇ ਹੋਏ ਅਤੇ ਕਿਹਾ ਕਿ ਉਸ ਨੂੰ ਮਾਰ ਦਿਆਂਗਾ। ਉਹ ਇਕੱ ਬਹਾਨਾ ਬਣਾ ਕੇ ਕਾਅਬ ਕੋਲ੍ਹ ਆਏ ਅਤੇ ਕਿਹਾ ਕਿ ਮੁਹਮੱਦ ਸਲੱਲਾਹੁ ਅਲੈਹਿ ਵਸਲੱਮ ਸਾਡੇ ਤੋਂ ਸਦਕਾ ਮੰਗਦੇ ਹਨ ਅਤੇ ਸਾਨੂੰ ਮੁਸ਼ਕਿਲ ਵਿਚੱ ਪਾ ਦਿੱਤਾ ਹੈ। ਮੈਂ ਤੇਰੇ ਕੋਲ੍ਹ ਆਇਆ ਹਾਂ ਕਿ ਤੇਰੇ ਕੋਲੋਂ ਉਧਾਰ ਲਿਆਂ। ਕਾਅਬ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ। ਜਦੱ ਤੁਸੀਂ ਉਸ ਨੂੰ ਛਡੱ ਦਿਓਗੇ। ਮੁਹਮੱਦ ਬਿਨ ਮੁਸਲਮਾ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਅਸੀਂ ਉਸ ਦੀ ਪੈਰਵੀ ਪਸੰਦ ਕੀਤੀ ਹੈ। ਇਸ ਲਈ ਅਸੀਂ ਉਸ ਨੂੰ ਨਹੀਂ ਛੱਡਾਂਗੇ। ਕਾਅਬ ਨੇ ਕਿਹਾ ਕਿ ਫ਼ਿਰ ਆਪਣੀ ਔਰਤਾਂ ਜਾਂ ਪੁਤੱਰ ਮੇਰੇ ਕੋਲ੍ਹ ਗਿਰਵੀ ਰਖੱ ਦਿਓ। ਮੁਹਮੱਦ ਬਿਨ ਮੁਸਲਿਮਾ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ। ਪਰ ਅਸੀਂ ਆਪਣੀਆਂ ਢਾਲਾਂ ਗਿਰਵੀ ਰਖੱ ਸਕਦੇ ਹਾਂ। ਇਹ ਕਾਅਬ ਮੰਨ ਗਿਆ। ਜਦੱ ਰਾਤ ਹੋਈ ਤਾਂ ਉਹ ਵਾਪਸ ਕਾਅਬ ਦੇ ਘਰ ਪਹੁੰਚੇ ਅਤੇ ਉਸ ਨੂੰ ਉਸ ਦੇ ਘਰ ਤੋਂ ਕਢਿੱਆ ਅਤੇ ਬਹੁਤ ਤੇਜ਼ੀ ਨਾਲ ਉਸ ਨੂੰ ਕਾਬੂ ਕਰਕੇ ਉਸ ਨੂੰ ਕਤਲ ਕਰ ਦਿੱਤਾ।

ਇਸ ਦਾ ਹੋਰ ਵਿਸਥਾਰ ਬੁਖ਼ਾਰੀ ਦੀ ਵਿਆਖਿਆ ' ਸ਼ਰਹ ਉਮਦਤ-ਉਲੱ-ਕਾਰੀ ' ਵਿਚੱ ਇਹ ਹੈ ਕਿ ਮੁਹਮੱਦ ਬਿਨ ਮੁਸਲਿਮਾ ਨੇ ਆਪਣੇ ਸਾਥੀਆਂ ਨਾਲ ਜਦੱ ਕਾਅਬ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਕਤਲ ਕਰ ਦਿੱਤਾ ਤਾਂ ਉਹਨਾਂ ਦੇ ਸਾਥੀ ਹਜ਼ਰਤ ਹਾਰਸ ਬਿਨ ਓਸ ਨੂੰ ਤਲਵਾਰ ਦੀ ਨੋਕ ਲੱਗੀ ਅਤੇ ਉਹ ਜ਼ਖ਼ਮੀ ਹੋ ਗਏ। ਸੋ, ਆਪ ਦੇ ਸਾਥੀ ਉਹਨਾਂ ਨੂੰ ਚੁਕੱ ਕੇ ਤੇਜ਼ੀ ਨਾਲ ਮਦੀਨਾ ਪਹੁੰਚੇ ਅਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਸੇਵਾ ਵਿਚੱ ਹਾਜ਼ਰ ਹੋਏ। ਨਬੀ ਕਰੀਮ ਸਲੱਲਾਹੁ ਅਲੈਹਿ ਵਸਲੱਮ ਨੇ ਹਜ਼ਰਤ ਹਾਰਸ ਬਿਨ ਓਸ ਦੇ ਜ਼ਖ਼ਮਾਂ ਉੱਤੇ ਆਪਣਾ ਲੁਆਬ ਲਾਇਆ ਅਤੇ ਉਸ ਮਗਰੋਂ ਉਹਨਾਂ ਨੂੰ ਤਕਲੀਫ਼ ਨਹੀਂ ਹੋਈ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਲਿਖੱਦੇ ਹਨ ਕਿ ਜਦੱ ਕਾਅਬ ਦੇ ਕਤਲ ਦੀ ਖ਼ਬਰ ਫ਼ੈਲੀ ਤਾਂ ਯਹੂਦੀਆਂ ਨੇ ਆਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਸ਼ਕਾਯਤ ਕੀਤੀ ਕਿ ਸਾਡਾ ਸਰਦਾਰ ਇੰਞ ਕਤਲ ਕਰ ਦਿੱਤਾ ਗਿਆ ਹੈ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਉਹਨਾਂ ਨੂੰ ਕਾਅਬ ਦੇ ਵਚਨ ਤੋੜ੍ਹਣ, ਜੰਗ ਨੂੰ ਹਵਾ ਦੇਣ, ਗੰਦੀ ਭਾਸ਼ਾ ਦੀ ਵਰਤੋਂ ਅਤੇ ਆਪਣੇ ਸੰਬੰਧੀ ਉਸ ਦੀਆਂ ਕਤਲ ਦੀਆਂ ਸਾਜ਼ਸ਼ਾਂ ਆਦਿ ਯਾਦ ਕਰਨ ਨੂੰ ਕਿਹਾ, ਜਿਸ ਉੱਤੇ ਉਹ ਲੋਕ ਡਰ ਕੇ ਚੁਪੱ ਕਰ ਗਏ ਅਤੇ ਉਹਨਾਂ ਦੀ ਮਰਜ਼ੀ ਨਾਲ ਅੱਗੇ ਲਈ ਇਕੱ ਨਵੀਂ ਸੰਧੀ ਲਿੱਖੀ ਗਈ। ਯਹੂਦੀਆਂ ਨੇ ਫ਼ਸਾਦ ਦੇ ਤਰੀਕੀਆਂ ਤੋਂ ਬਚਣ ਦਾ ਮੁੜ੍ਹ ਵਚਨ ਦਿੱਤਾ।

ਇਤਿਹਾਸ ਵਿਚੱ ਕਿੱਥੇ ਨਹੀਂ ਦਰਜ ਕਿ ਉਸ ਦੇ ਬਾਦ ਯਹੂਦੀਆਂ ਨੇ ਕਦੇ ਕਾਅਬ ਬਿਨ ਅਸ਼ਰਫ਼ ਦੇ ਕਤਲ ਦਾ ਜ਼ਿਕਰ ਕਰਕੇ ਮੁਸਲਮਾਨਾਂ ਉੱਤੇ ਆਰੋਪ ਲਾਇਆ ਹੋਵੇ। ਕਿਉਂਕਿ ਉਹਨਾਂ ਦੇ ਦਿਲ੍ਹ ਜਾਣਦੇ ਸਨ ਕਿ ਕਾਅਬ ਆਪਣੀ ਯੋਗ ਸਜ਼ਾ ਨੂੰ ਪਹੁੰਚਾ ਹੈ।

ਕੁਝੱ ਇਤਿਹਾਸਕਾਰ ਆਰੋਪ ਲਾਉਂਦੇ ਹਨ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਇਹ ਇਕੱ ਅਯੋਗ ਕਤਲ ਕਰਨ ਨੂੰ ਕਿਹਾ। ਪਰ ਸਪਸ਼ਟ ਹੋਵੇ ਕਿ ਇਹ ਅਯੋਗ ਨਹੀਂ ਸੀ। ਕਿਉਂਕਿ ਕਾਅਬ ਬਿਨ ਅਸ਼ਰਫ਼ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨਾਲ ਅਮਨ ਦੀ ਸੰਧੀ ਕਰ ਚੁਕਿੱਆ ਸੀ ਅਤੇ ਮੁਸਲਮਾਨਾਂ ਖ਼ਿਲਾਫ਼ ਕਾਰਵਾਈ ਕਰਨਾ ਤਾਂ ਦੂਰ ਉਸ ਨੇ ਇਸ ਗਲ੍ਹੱ ਦੀ ਸੰਧੀ ਕੀਤੀ ਸੀ ਕਿ ਉਹ ਬਾਹਰਲੇ ਵਿਰੋਧੀਆਂ ਦੇ ਖ਼ਿਲਾਫ਼ ਮੁਸਲਮਾਨਾਂ ਦੀ ਮਦਦ ਕਰੇਗਾ ਅਤੇ ਮੁਸਲਮਾਨਾਂ ਨਾਲ ਦੋਸਤੀ ਵਾਲੇ ਸੰਬੰਧ ਰੱਖੇਗਾ। ਪਰ ਉਸ ਨੇ ਮੁਸਲਮਾਨਾਂ ਨਾਲ ਗ਼ਦਾਰੀ ਕੀਤੀ ਅਤੇ ਮਦੀਨਾ ਵਿਚੱ ਫ਼ਸਾਦ ਦਾ ਬੀਹ ਬੋ ਕੇ ਜੰਗ ਦੀ ਅਗੱ ਭੜ੍ਹਕਾਉਣ ਦੀ ਕੋਸ਼ਿਸ਼ ਕੀਤੀ ਅਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਕਤਲ ਦੇ ਮਨਸੂਬੇ ਬਣਾਏ। ਉਸ ਦੇ ਜੁਰਮ ਅਜਿਹੇ ਸਨ ਕਿ ਉਸ ਦੇ ਖ਼ਿਲਾਫ਼ ਇਹ ਸਜ਼ਾ ਦਾ ਕਦਮ ਚੁਕਿੱਆ ਗਿਆ ਸੋ, ਅਜੱ ਦੇ ਵਿਕਸਤ ਅਖਵਾਉਣ ਵਾਲੇ ਦੇਸ਼ਾਂ ਵਿਚੱ ਬਗ਼ਾਵਤ, ਵਚਨ ਤੋੜ੍ਹਣ, ਭੜ੍ਹਕਾਉਣ, ਜੰਗ ਅਤੇ ਸਾਜ਼ਿਸ਼ਾਂ ਦੇ ਮੁਜਰਿਮਾਂ ਨੂੰ ਸਜ਼ਾ ਦਿੱਤੀ ਜਾਂਦੀ ਹੈ ਤਾਂ ਫ਼ਿਰ ਆਰੋਪ ਕਿਸ ਗਲ੍ਹੱ ਦਾ ? ਫ਼ਿਰ ਅਜੱ ਕਲ੍ਹੱ ਫ਼ਲਸਤੀਨ ਅਤੇ ਇਸਰਾਈਲ ਵਿਚੱਕਾਰ ਇਸ ਤੋਂ ਵੀ ਵਧੱ ਹੋ ਰਿਹਾ ਹੈ। ਜੋ ਕਈ ਪ੍ਰਕਾਰ ਨਾਲ ਅਯੋਗ ਹੈ।

ਦੂਜਾ ਪ੍ਰਸ਼ਨ ਚੁਪੱ ਚਾਪ ਉਸ ਦੇ ਕਤਲ ਕਰਨ ਦੇ ਤਰੀਕ ਦਾ ਹੈ। ਅਰਬ ਵਿਚੱ ਉਸ ਸਮੇਂ ਹਰ ਵਿਅਕਤੀ ਅਤੇ ਕਬੀਲਾ ਆਜ਼ਾਦ ਸੀ। ਅਜਿਹੀ ਸ਼ਕਲ ਵਿਚੱ ਉਹ ਕਿਹੜ੍ਹੀ ਅਦਾਲਤ ਸੀ। ਜਿੱਥੇ ਕਾਅਬ ਦੇ ਖ਼ਿਲਾਫ਼ ਮੁਕਦਮਾ ਕੀਤਾ ਜਾਂਦਾ ਅਤੇ ਕਤਲ ਦਾ ਆਦੇਸ਼ ਲਿਆ ਜਾਂਦਾ ? ਸੰਧੀ ਅਨੁਸਾਰ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਇਹ ਹਕੱ ਦਿੱਤਾ ਗਿਆ ਸੀ ਕਿ ਸਾਰੇ ਝਗੱੜ੍ਹਿਆਂ ਅਤੇ ਰਾਜਨੀਤਿਕ ਮਾਮਲਿਆਂ ਵਿਚੱ ਜੋ ਫ਼ੈਸਲਾ ਠੀਕ ਸਮਝਣ, ਕਰਨ। ਸੋ, ਜੇਕਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਦੇਸ਼ ਦੇ ਅਮਨ ਲਈ ਕਾਅਬ ਦੇ ਫ਼ਸਾਦਾਂ ਕਰਕੇ ਉਸ ਨੂੰ ਕਤਲ ਯੋਗ ਕਰਾਰ ਦਿੱਤਾ ਤਾਂ ਕਿਸੇ ਨੂੰ ਕੀ ਹਕੱ ਹੈ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਦੇ ਫ਼ੈਸਲੇ ਉੱਤੇ ਅਦਾਲਤ ਅਪੀਲ ਬਣੇ ? ਖ਼ਾਸ ਤੌਰ ਉੱਤੇ ਜਦੱ ਕਿ ਇਤਿਹਾਸ ਤੋਂ ਸਾਬਤ ਹੈ ਕਿ ਯਹੂਦੀਆਂ ਨੇ ਆਪ ਕਾਅਬ ਦੀ ਇਸ ਸਜ਼ਾ ਨੂੰ ਉਸ ਦੇ ਜੁਰਮਾਂ ਦੀ ਰੌਸ਼ਨੀ ਵਿਚੱ ਠੀਕ ਸਮਝਿਆ ਅਤੇ ਉਸ ਉੱਤੇ ਆਰੋਪ ਨਹੀਂ ਲਾਇਆ।

ਹਜ਼ੂਰ ਨੇ ਫ਼ਰਮਾਇਆ : ਇਸ ਦੌਰਾਨ ਹਜ਼ਰਤ ਹਫ਼ਸਾ ਰਜ਼ੀ ਅੱਲਾਹ ਅੰਨਹਾ ਦਾ ਦੂਜਾ ਵਿਆਹ ਵੀ ਹੋਇਆ, ਜੋ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਦੀ ਸਾਹਿਬਜ਼ਾਦੀ ਸਨ। ਉਹ ਇਕੱ ਸ਼ਰਧਾਵਾਨ ਸਹਾਬੀ ਖ਼ਨੀਸ ਬਿਨ ਹੁਜ਼ਾਫ਼ਾ ਰਜ਼ੀ ਅੱਲਾਹ ਅੰਨਹੁ ਦੇ ਨਿਕਾਹ ਵਿਚੱ ਸਨ। ਜੋ ਜੰਗੇ ਬਦਰ ਤੋਂ ਵਾਪਸ ਆ ਕੇ ਇਕੱ ਬਿਮਾਰੀ ਨਾਲ ਆਕਾਲ ਚਲਾਣਾ ਕਰ ਗਏ। ਹਜ਼ਰਤ ਹਫ਼ਸਾ ਰਜ਼ੀ ਅੱਲਾਹ ਅੰਨਹਾ ਦੇ ਪਤੀ ਦੇ ਅਚਾਨਕ ਆਕਾਲ ਚਲਾਣੇ ਦੇ ਸਦਮੇ ਕਰਕੇ ਜੋ ਉਹਨਾਂ ਨੂੰ ਪਹੁੰਚਾ ਸੀ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨਾਲ ਸੰਬੰਧ ਮਜ਼ਬੂਤ ਕਰਨ ਅਤੇ ਹਜ਼ਰਤ ਹਫ਼ਸਾ ਰਜ਼ੀ ਅੱਲਾਹ ਅੰਨਹਾ ਦਾ ਲਿਖੱਣਾ ਪੜ੍ਹਣਾ ਜਾਣਨ ਕਰਕੇ, ਪ੍ਰਚਾਰ ਅਤੇ ਸਿਖਿੱਆ ਦਾ ਕੰਮ ਵੱਡੇ ਪਧੱਰ ਉੱਤੇ ਕਰਨ ਕਰਕੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਸ਼ਾਬਾਨ 03 ਹਿਜਰੀ ਵਿਚੱ ਉਹਨਾਂ ਦਾ ਨਿਕਾਹ ਫ਼ਰਮਾਇਆ। ਹਜ਼ਰਤ ਹਫ਼ਸਾ ਰਜ਼ੀ ਅੱਲਾਹ ਅੰਨਹਾ ਦਾ ਆਕਾਲ ਚਲਾਣਾ ਘੱਟੋ ਵਧੱ 63 ਸਾਲ ਦੀ ਉਮਰ ਵਿਚੱ 45 ਹਿਜਰੀ ਵਿਚੱ ਹੋਇਆ।

02 ਹਿਜਰੀ ਦੇ ਕਿਸਿੱਆਂ ਵਿਚੱ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦੇ ਨਿਕਾਹ ਦਾ ਜ਼ਿਕਰ ਲੰਘ ਚੁਕਿੱਆ ਹੈ। ਉਹਨਾਂ ਦੇ ਘਰ ਰਮਜ਼ਾਨ 03 ਹਿਜਰੀ ਵਿਚੱ ਅਰਥਾਤ ਨਿਕਾਹ ਦੇ ਦਸੱ ਮਹੀਨਿਆਂ ਬਾਦ ਇਕੱ ਬੱਚਾ ਪੈਦਾ ਹੋਇਆ। ਜਿਸ ਦਾ ਨਾਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਹਸਨ

ਰਖਿੱਆ ਅਤੇ ਜਿੰਨ੍ਹਾਂ ਸੰਬੰਧੀ ਇਕੱ ਵਾਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰਾ ਇਹ ਬੱਚਾ ਸਯੱਦ ਅਰਥਾਤ ਸਰਦਾਰ ਹੈ ਅਤੇ ਇਕੱ ਸਮਾਂ ਆਵੇਗਾ ਕਿ ਰਬੱ ਇਸ ਰਾਹੀਂ ਮੁਸਲਮਾਨਾਂ ਦੀਆਂ ਦੋ ਟੋਲੀਆਂ ਵਿਚੱ ਸੁਲਹਾ ਕਰਵਾਏਗਾ। ਸੋ, ਆਪਣੇ ਸਮੇਂ ਉੱਤੇ ਇਹ ਭਵਿਖੱਬਾਣੀ ਪੂਰੀ ਹੋਈ।

ਹਜ਼ੂਰੇ ਅਨਵਰ ਨੇ ਖ਼ੁਤਬੇ ਦੇ ਅੰਤ ਵਿਚੱ ਫ਼ਲਸਤੀਨ ਦੇ ਮੁਸਲਮਾਨਾਂ ਲਈ ਦੁਆ ਦੀ ਮੁੜ੍ਹ ਤਹਰੀਕ ਕਰਦੇ ਹੋਏ ਫ਼ਰਮਾਇਆ : ਜਿਵੇਂ ਕਿ ਮੈਂ ਕਈ ਖ਼ੁਤਬਿਆਂ ਤੋਂ ਫ਼ਲਸਤੀਨ ਲਈ ਦੁਆ ਦਾ ਜ਼ਿਕਰ ਕਰ ਰਿਹਾ ਹਾਂ। ਅਜੱ ਵੀ ਉਸੇ ਬਾਰੇ ਕਹਿਣਾ ਚਾਹੁਣਾ ਹਾਂ ਕਿ ਦੁਆਵਾਂ ਜਾਰੀ ਰਖੱਣ। ਹੁਣ ਤਾਂ ਜ਼ੁਲਮ ਦਾ ਅੰਤ ਹੁੰਦਾ ਜਾ ਰਿਹਾ ਹੈ। ਹਮਾਸ ਨਾਲ ਜੰਗ ਦੇ ਨਾਂ ਉੱਤੇ ਮਾਸੂਮ ਬਚਿੱਆਂ, ਔਰਤਾਂ, ਬੁਡਿੱਆਂ, ਬਿਮਾਰਾਂ ਨੂੰ ਮਾਰਿਆ ਜਾ ਰਿਹਾ ਹੈ। ਹਰ ਕਿਸਮ ਦੇ ਜੰਗੀ ਅਸੂਲਾਂ ਅਤੇ ਕਾਨੂਨਾਂ ਨੂੰ ਇਸ ਵਿਕਸਤ ਸੰਸਾਰ ਨੇ ਪਿਠੱ ਪਿੱਛੇ ਪਾ ਦਿੱਤਾ ਹੈ। ਰਬੱ ਮੁਸਲਮਾਨ ਦੇਸ਼ਾਂ ਨੂੰ ਵੀ ਸਮਝ ਦੇਵੇ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ 72-73 ਸਾਲ ਪਹਿਲਾਂ ਇਹ ਕਿਹਾ ਸੀ ਕਿ ਮੁਸਲਮਾਨਾਂ ਨੂੰ ਇਕੱ ਹੋਣਾ ਚਾਹੀਦਾ ਹੈ। ਉਹ ਫ਼ੈਸਲਾ ਕਰਨ ਕਿ ਜੇਕਰ ਇਕੱ ਨ ਹੋਏ ਤਾਂ ਇਕੱ ਇਕੱ ਕਰਕੇ ਆਪਣੇ ਆਪ ਨੂੰ ਤਬਾਹ ਕਰਨਾ ਹੈ ਜਾਂ ਇਕੱ ਹਸਤੀ ਹੋ ਕੇ ਆਪਣੀ ਹੋਂਦ ਨੂੰ ਬਾਕੀ ਰਖੱਣਾ ਹੈ ਅਤੇ ਬਾਕੀ ਰਹਿਣਾ ਹੈ। ਕਾਸ਼ ਕਿ ਹੁਣ ਵੀ ਇਹ ਲੋਕ ਇਸ ਗਲੱ ਨੂੰ ਸਮਝ ਜਾਣ ਅਤੇ ਇਕ ਹੋ ਜਾਣ। ਹਾਲਤ ਤਾਂ ਇਹ ਹੈ ਕਿ ਮੈਨੂੰ ਕਿਸੇ ਨੇ ਦਸਿੱਆ ਹੈ ਕਿ ਉਮਰੇ ਉੱਤੇ ਜਾਣ ਵਾਲਿਆਂ ਨੂੰ ਕਿਹਾ ਜਾ ਰਿਹਾ ਹੈ ਕਿ ਉੱਥੇ ਜਾ ਕੇ ਫ਼ਲਸਤੀਨ ਜਾਂ ਇਸਰਾਈਲ ਦੀ ਜੰਗ ਬਾਰੇ ਕੋਈ ਗਲੱ ਨਹੀਂ ਕਰਨੀ। ਉੱਥੇ ਦੀ ਸਰਕਾਰ ਵੀਜ਼ਾ ਦਿੰਦੇ ਹੋਏ ਇਹ ਹਦਾਯਤ ਕਰਦੀ ਹੈ। ਜੇਕਰ ਇਹ ਸਹੀ ਹੈ ਤਾਂ ਮੁਸਲਮਾਨ ਸਰਕਾਰ ਵੱਲੋਂ ਬਹੁਤ ਵੱਡੀ ਕਮਜ਼ੋਰੀ ਦਾ ਪ੍ਰਕਟਾਵਾ ਹੈ। ਉਮਰੇ ਦੀ ਇਬਾਦਤ ਦਾ ਹਕੱ ਅਦਾ ਕਰਨਾ ਚਾਹੀਦਾ ਹੈ। ਇਸ ਦੌਰਾਨ ਤਾਂ ਕਿਸੇ ਕਿਸਮ ਦੀ ਅਜਿਹੀ ਗੱਲ੍ਹਾਂ ਨਹੀਂ ਹੋਣਗੀਆਂ। ਪਰ ਮਜ਼ਲੂਮ ਫ਼ਲਸਤੀਨੀਆਂ ਲਈ ਦੁਆ ਤਾਂ ਉੱਥੇ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਜਾਣ ਵਾਲੇ ਕਾਸ਼ ਇਹਨਾਂ ਦੁਆਵਾਂ ਨੂੰ ਵੀ ਯਾਦ ਰਖੱਣ।

ਅਜੱ ਕਲੱ ਮੁਸਲਮਾਨ ਸਰਕਾਰਾਂ ਵੀ ਆਵਾਜ਼ਾਂ ਚੁਕੱ ਰਹੀਆਂ ਹਨ। ਪਰ ਬਹੁਤ ਕਮਜ਼ੋਰ ਆਵਾਜ਼ਾਂ ਹਨ। ਕੁਝੱ ਆਵਾਜ਼ਾਂ ਉਠਿੱਆਂ ਹਨ। ਇਸ ਤੋਂ ਵਧੱ ਜ਼ੋਰਦਾਰ ਆਵਾਜ਼ਾਂ ਤਾਂ ਗ਼ੈਰ ਮੁਸਲਿਮ ਲੋਕਾਂ ਅਤੇ ਰਾਜਨੀਤਿਕ ਲੋਕਾਂ ਅਤੇ ਸਰਕਾਰਾਂ ਨੇ ਚੁਕਿੱਆਂ ਹਨ। ਰਬੱ ਮੁਸਲਮਾਨਾਂ ਵਿਚੱ ਵੀ ਹਿੰਮਤ ਅਤੇ ਸਿਆਣਪ ਪੈਦਾ ਕਰੇ। ਯੂ.ਐਨ ਦੇ ਸੈਕਟਰੀ ਜਨਰਲ ਵੀ ਚੰਗਾ ਬੋਲਦੇ ਹਨ। ਅਜੱ ਕਲੱ ਤਾਂ ਉਹ ਹੋਰ ਚੰਗਾ ਬੋਲ ਰਹੇ ਹਨ। ਪਰ ਲਗੱਦਾ ਹੈ ਉਹਨਾਂ ਦੀ ਆਵਾਜ਼ ਦੀ ਕੋਈ ਮਹਤੱਤਾ ਨਹੀਂ ਹੈ। ਲਗੱਦਾ ਹੈ ਕਿ ਜੇਕਰ ਇਹ ਜੰਗ ਹੋਰ ਫ਼ੈਲੀ ਅਤੇ ਵਿਸ਼ਵ ਯੁਧੱ ਦੀ ਸ਼ਕਲ ਫ਼ੜ੍ਹ ਲਈ ਤਾਂ ਉਸ ਦੇ ਅੰਤ ਦੇ ਬਾਦ ਯੂ.ਐਨ ਦਾ ਵੀ ਅੰਤ ਹੋ ਜਾਵੇਗਾ। ਰਬੱ ਸੰਸਾਰ ਨੂੰ ਅਕਲ ਬਖ਼ਸ਼ੇ। ਲਗੱਦਾ ਹੈ ਕਿ ਹੁਣ ਸੰਸਾਰ ਆਪਣੀ ਤਬਾਹੀ ਨੂੰ ਬਹੁਤ ਕਰੀਬ ਲੈ ਕੇ ਆ ਰਿਹਾ ਹੈ ਅਤੇ ਇਸ ਤਬਾਹੀ ਦੇ ਬਾਦ ਜੋ ਲੋਕ ਬਚੱਣਗੇ ਉਹਨਾਂ ਨੂੰ ਰਬੱ ਅਕਲ ਬਖ਼ਸ਼ੇ ਅਤੇ ਉਹ ਰਬੱ ਵਲੱ ਧਿਆਨ ਦੇਣ। ਉਸ ਵਲੱ ਮੁੜ੍ਹ ਆਉਣ। ਸਾਨੂੰ ਇਸ ਬਾਰੇ ਬਹੁਤ ਦੁਆਵਾਂ ਕਰਨ ਦੀ ਲੋੜ੍ਹ ਹੈ। ਰਬੱ ਸੰਸਾਰ ਉੱਤੇ ਰਹਿਮ ਕਰੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔